## ਸ਼ੇਖ਼ ਫ਼ਰੀਦ - ਸਬਦ ੧੩੪

## ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥

## ਸਲੋਕ, ਗੁਰੂ ਅਮਰਦਾਸ, ਗੁਰੂ ਗ੍ਰੰਥ ਸਾਹਿਬ, ੧੩੮੩

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥

**ਸਾਰ:** ਜੀਵਨ ਦੇ ਅਤਿਅੰਤ ਰੂਪ ਭਾਵੇਂ ਉਹ ਮਹਿਲ ਮਾੜੀਆਂ ਹੋਣ ਜਾਂ ਕਠੋਰ ਤਿਆਗ, ਉੱਚਾ ਦਰਜਾ ਹੋਵੇ ਜਾਂ ਸਾਦਗੀ, ਆਰਾਮ ਹੋਵੇ ਜਾਂ ਸੰਨਿਆਸ ਆਪਣੇ ਆਪ ਵਿਚ ਸੱਚੀ ਜਾਗਰੂਕਤਾ ਤੱਕ ਨਹੀਂ ਲੈ ਜਾਂਦੇ। ਸ਼ਾਨੋ-ਸ਼ੌਕਤ ਨਾਲ ਭਰਪੂਰ ਜੀਵਨ ਅਕਸਰ ਅੰਤਰੀਵੀ ਖਾਲੀਪਣ ਨੂੰ ਕੱਜ ਸਕਦਾ ਹੈ, ਜਦਕਿ ਸਾਦੇ ਜੀਵਨ ਅੰਦਰ ਵੀ ਕਈ ਵਾਰ ਅਹੰਕਾਰ ਕੁੰਡਲੀ ਮਾਰ ਲੁਕਿਆ ਹੋਇਆ ਹੋ ਸਕਦਾ ਹੈ। ਜਾਗ੍ਰਿਤੀ ਬਾਹਰੀ ਹਾਲਾਤਾਂ ਜਿਵੇਂ ਧਨ, ਗਰੀਬੀ, ਸਮਾਜਿਕ ਜਾਂ ਧਾਰਮਿਕ ਸੰਚਾਰ ਜੁਗਤਾਂ, ਜਾਂ ਵਿਸ਼ੇਸ਼ ਪਹਿਰਾਵਿਆਂ ਰਾਹੀਂ ਪ੍ਰਾਪਤ ਨਹੀਂ ਹੁੰਦੀ। ਇਸ ਦਾ ਉਭਾਰ ਤਦ ਹੁੰਦਾ ਹੈ ਜਦੋਂ ਸਾਡੇ ਇਰਾਦੇ ਪਵਿੱਤਰ, ਸੱਚੇ ਅਤੇ ਸਾਡੇ ਅੰਤਰੀਵੀ ਸਰੂਪ ਨਾਲ ਪ੍ਰਮਾਣਿਕ ਤੌਰ ’ਤੇ ਇਕਸੁਰ ਹੋਣ। ਚੇਤਨਾ ਦੇ ਧੁਰ ਅੰਦਰ ਸੱਚੀ ਅਮੀਰੀ ਨਹਿਤ ਹੁੰਦੀ ਹੈ ਅਤੇ ਇਸ ਦਾ ਹੀ ਵਿਗਾਸ ਸਾਡੇ ਅੰਦਰ ਵਾਪਰਦਾ ਹੈ।

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਤੁਸੀਂ ਆਪਣਾ ਰੇਸ਼ਮੀ ਪਹਿਰਾਵਾ ਪਾੜ, ਪਾਟੇ ਕੰਬਲ ਨੂੰ ਕਿਉਂ ਧਾਰਨ ਕੀਤਾ ਹੋਇਆ ਹੈ? ਇਹ ਭਾਵ ਦਰਸਾਉਂਦਾ ਹੈ ਕਿ ਧਨ-ਦੌਲਤ ਇਕੱਤਰ ਕਰਨਾ ਜਾਂ ਧਨ-ਸੰਪਦਾ ਦਾ ਤਿਆਗ ਕਰਨਾ ਆਪਣੇ ਆਪ ਵਿਚ ਕੋਈ ਵਿਸ਼ੇਸ਼ ਮਹੱਤਵ ਨਹੀਂ ਰੱਖਦਾ, ਜੇਕਰ ਉਸ ਦੇ ਪਿੱਛੇ ਦੀ ਨੀਅਤ ਇਮਾਨਦਾਰੀ ਕੇਂਦਰਿਤ ਨਹੀਂ ਹੈ।

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥
ਨਾਨਕ ਆਖਦੇ ਹਨ ਕਿ ਸਰਬ-ਵਿਆਪਕ ਪ੍ਰੀਤਮ ਸਾਡੇ ਅੰਦਰ ਹੀ ਵੱਸਦਾ ਹੈ ਅਤੇ ਉਸ ਦਾ ਅਨੁਭਵ ਤਦ ਹੁੰਦਾ ਹੈ ਜਦੋਂ ਸਾਡੀ ਨੀਅਤ ਸੱਚੀ ਅਤੇ ਨਿਰਮਲ ਹੁੰਦੀ ਹੈ। ਜਦੋਂ ਮਨ ਸੱਚਾ ਬਣ ਜਾਵੇ, ਅਹੰਕਾਰ ਨਰਮ ਪੈ ਜਾਵੇ ਅਤੇ ਨੀਅਤ ਖਰੀ ਅਤੇ ਪ੍ਰਮਾਣਿਕ ਹੋ ਜਾਵੇ ਤਾਂ ਇਸ ਸਰਬ-ਵਿਆਪਕ ਚੇਤਨਾ ਦੇ ਸਾਹਮਣਾ ਰੋਜ਼ਮਰਾ ਜੀਵਨ ਵਿਚ ਕੀਤਾ ਜਾ ਸਕਦਾ ਹੈ। (੧੦੪)

**ਤੱਤ:** ਗੁਰੂ ਅਮਰਦਾਸ, ਸ਼ੇਖ ਫ਼ਰੀਦ ਦੇ ਸੰਦੇਸ਼ ਨੂੰ ਉਜਾਗਰ ਕਰਦੇ ਹਨ ਕਿ ਜਿਸ ਚੇਤਨਾ, ਹਾਜ਼ਰਤਾ ਅਤੇ ਤੱਤਸਾਰ ਦੀ ਅਸੀਂ ਭਾਲ ਕਰਦੇ ਹਾਂ ਉਹ ਸਾਡੇ ਅਨੁਭਵੀ ਖੰਡ ਵਿਚ ਵਸਦੀ ਹੈ। ਇਹ ਵਿਸ਼ਵਵਿਆਪੀ ਊਰਜਾ ਉਦੋਂ ਪ੍ਰਗਟ ਹੁੰਦੀ ਹੈ ਜਦੋਂ ਅਸੀਂ ਆਪਣੀ ਝੂਠੀ ਹਉਮੈ ਦਾ ਤਿਆਗ ਕਰ ਦਿੰਦੇ ਹਾਂ ਅਤੇ ਆਪਣੇ ਜੀਵਨ ਵਿਚ ਸੱਚਾਈ, ਇਮਾਨਦਾਰੀ ਅਤੇ ਸਕਾਰਾਤਮਕ ਇਰਾਦਿਆਂ ਨੂੰ ਅਪਣਾਉਂਦੇ ਹਾਂ। ਇਸ ਖੇਡ ਨੂੰ ਖੇਡਦਿਆਂ ਅਸੀਂ ਇਕ ਅਜਿਹਾ ਰਿਸ਼ਤਾ ਸਿਰਜਦੇ ਹਾਂ ਜਿਹੜਾ ਸਾਡੀ ਹੋਂਦ ਨੂੰ ਅਮੀਰੀਅਤ ਨਾਲ ਸਰਸ਼ਾਰ ਕਰਦਾ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**